SED-EDU405/105/2024-2EDU4

I/ 959140/2024

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ – 4 ਸ਼ਾਖਾ)

**ਹੁਕਮ**

ਸਰਕਾਰ ਵੱਲੋਂ ਪੱਤਰ ਨੰ: SED-EDU401/48/2024-2EDU4/99 ਮਿਤੀ 23-08-2024 ਰਾਹੀਂ ਜਾਰੀ ਕੀਤੇ ਹੁਕਮਾਂ ਦੇ ਲੜੀ ਨੰ: 50 ਤੇ ਸ੍ਰੀ ਮੇਜਰ ਸਿੰਘ, ਪ੍ਰਿੰਸੀਪਲ ਦੀ ਬਦਲੀ ਸਸਸਸ ਦੁੱਗਰੀ, ਜਿਲ੍ਹਾ ਰੂਪਨਗਰ ਤੋਂ ਸਸਸਸ ਮੱਸੇਵਾਲ, ਜਿਲ੍ਹਾ ਰੂਪਨਗਰ ਵਿਖੇ ਕੀਤੀ ਗਈ ਸੀ।

2. ਇਹਨਾਂ ਹੁਕਮਾਂ ਵਿਰੁੱਧ ਸ੍ਰੀ ਮੇਜਰ ਸਿੰਘ, ਪ੍ਰਿੰਸੀਪਲ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 24461 ਆਫ 2024 ਦਾਇਰ ਕੀਤੀ ਗਈ। ਜਿਸ ਵਿੱਚ ਮਾਨਯੋਗ ਅਦਾਲਤ ਵੱਲੋਂ ਮਿਤੀ 23.09.2024 ਰਾਹੀਂ ਸ੍ਰੀ ਮੇਜਰ ਸਿੰਘ, ਪ੍ਰਿੰਸੀਪਲ ਦੀ ਬਦਲੀ ਦੇ ਹੁਕਮ ਸਬੰਧੀ ਪਟੀਸ਼ਨਰ ਦੀ ਪ੍ਰਤੀਬੇਨਤੀ ਨੂੰ ਵਿਚਾਰਨ ਦੇ ਆਦੇਸ਼ ਦਿੱਤੇ ਸਨ। ਮਾਨਯੋਗ ਕੋਰਟ ਵੱਲੋਂ ਮਿਤੀ 23.09.2024 ਰਾਹੀਂ ਕੀਤੇ ਹੁਕਮਾਂ ਦੀ ਪਾਲਣਾ ਹਿੱਤ ਸ੍ਰੀ ਮੇਜਰ ਸਿੰਘ, ਪ੍ਰਿੰਸੀਪਲ ਵੱਲੋਂ ਦਿੱਤੀ ਗਈ ਪ੍ਰਤੀਬੇਨਤੀ ਮਿਤੀ 26/09/2024 ਨੂੰ ਵਿਚਾਰਨ ਉਪਰੰਤ ਸਰਕਾਰ ਦੇ ਪੱਤਰ ਨੰ: SED-EDU401/48/2024-2EDU4/99 ਮਿਤੀ 23-08-2024 ਰਾਹੀਂ ਸ੍ਰੀ ਮੇਜਰ ਸਿੰਘ, ਪ੍ਰਿੰਸੀਪਲ ਦੀ ਬਦਲੀ ਦੇ ਕੀਤੇ ਹੁਕਮ ਰੱਦ ਕੀਤੇ ਜਾਂਦੇ ਹਨ।

3. ਇਹ ਹੁਕਮ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ। ਇਹ ਹੁਕਮ ਤੁਰੰਤ ਲਾਗੂ ਹੋਣਗੇ।

ਮਿਤੀ, ਚੰਡੀਗੜ੍ਹ:
30.10.2024

ਕਮਲ ਕਿਸ਼ੋਰ ਯਾਦਵ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਪਿੰ.ਅੰ. ਨੰ:/ਉਕਤ ਮਿਤੀ, ਚੰਡੀਗੜ੍ਹ: 04.11.2024

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
2) ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਰੂਪਨਗਰ।
3) ਡੀ.ਐਮ. (ਐਮ.ਆਈ. ਐਸ. ਵਿੰਗ) ਨੂੰ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਹੁਕਮਾਂ ਨੂੰ ਵਿਭਾਗ ਦੀ ਵੈੱਬਸਾਇਟ ਤੇ ਅਪਲੋਡ ਕੀਤਾ ਜਾਵੇ।
4) ਸਬੰਧਤ ਅਧਿਕਾਰੀ (ਵੈੱਬਸਾਇਟ ਰਾਹੀਂ)।

(ਸੁਰਜੀਤ ਸਿੰਘ)
ਸੁਪਰਡੰਟ